ਵਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਸੇਵਾ ਵਿਖੇ

ਪ੍ਰਿੰਸੀਪਲ/ਡਾਇਰੈਕਟਰ/ਰਜਿਸਟਰਾਰ
ਸਮੂਹ ਬਹੁਤਕਨੀਕੀ/ਇੰਜੀਨੀਅਰਿੰਗ ਕਾਲਜ

ਮੀਮੋ ਨੰ: 1 ਟੀਈ/ਪੀ.ਐਮ.ਐਸ./ 1448—1648
ਮਿਤੀ: 11/7/12

**ਵਿਸ਼ਾ: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਫੀਸ।**

ਇਸ ਰਾਹੀਂ ਆਪ ਨੂੰ ਉਸਾਰੀ ਕਿਰਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ (ਰੈਗੂਲੇਸ਼ਨ ਆਫ ਇੰਪਲਾਇਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ 1996 ਅਧੀਨ ਬਣਾਏ ਰੂਲਜ 2008 ਦੇ ਰੂਲ 265 ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਕਾਲਜ ਵਿੱਚ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਤੇ ਬੱਚਿਆਂ ਨੂੰ ਵਜ਼ੀਫਾ ਦਿਵਾਉਣ ਲਈ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਨਾਲ ਸਿੱਧੇ ਤੌਰ ਤੇ ਸੰਪਰਕ ਕੀਤਾ ਜਾਵੇ ਜੀ।

ਨੱਥੀ/ਉਪਰੋਕਤ ਅਨੁਸਾਰ

ਡਿਪਟੀ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੀ ਭਲਾਈ ਲਈ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ, 1996 ਅਧੀਨ ਬਣਾਏ ਰੂਲਜ਼ 2008 ਦੇ ਰੂਲ 265 ਅਧੀਨ ਦਿੱਤੇ ਉਪਬੰਧ ਅਨੁਸਾਰ ਪ੍ਰਵਾਨਤ ਕਿਰਤ ਭਲਾਈ ਸਕੀਮਾਂ ਦਾ ਵਿਵਰਣ

**ਭਲਾਈ ਸਕੀਮ ਨੰ:1: ਰਾਸ਼ਟਰੀ ਸਵਾਸਥ ਬੀਮਾ ਯੋਜਨਾ ਅਧੀਨ ਲਾਭ ਦੇਣ ਬਾਰੇ।**

1. ਇਹ ਸਕੀਮ ਬੋਰਡ ਵੱਲੋਂ ਮੌਜ਼ੂਦਾ ਪੰਜੀਕ੍ਰਿਤ ਲਾਭਪਾਤਰੀਆਂ ਨੂੰ ਲਾਭ ਦੇਣ ਸਬੰਧੀ ਹੈ।
2. ਲਾਭਪਾਤਰੀ ਅਤੇ ਉਸ ਦੇ ਪਰਿਵਾਰ ਦੇ ਵੱਧ ਤੋਂ ਵੱਧ ਚਾਰ ਹੋਰ ਮੈਂਬਰ (ਕੁੱਲ ਪੰਜ ਜੀਅ) ਇਸ ਸਕੀਮ ਅਧੀਨ ਕਵਰ ਹੋਣਗੇ।
3. ਇਸ ਸਕੀਮ ਅਧੀਨ ਕੁੱਲ ₹ 30,000/- ਰੁਪਏ ਤੱਕ ਦਾ ਇਲਾਜ ਪ੍ਰਤੀ ਪਰਿਵਾਰ ਪ੍ਰਤੀ ਸਾਲ family floater ਅਧਾਰ ਤੇ ਬਤੌਰ ਇਨਡੋਰ ਪੇਮੈਂਟ ਅਧਾਰ ਤੇ ਦਿੱਤਾ ਜਾਵੇਗਾ।
4. ਹੈਲਥ ਇੰਸ਼ੋਰੈਂਸ ਪ੍ਰੋਵਾਈਡਰ ਦਾ ਕੰਮ ਨੋਡਲ ਏਜੰਸੀ, ਪੰਜਾਬ ਹੈਲਥ ਸਿਸਟ ਕਾਰਪੋਰੇਸ਼ਨ ਵੱਲੋਂ ਕੀਤਾ ਜਾਵੇਗਾ।
5. ਇਸ ਸਮੇਂ ਇਸ ਸਕੀਮ ਅਧੀਨ ਅਨੁਮਾਨਤ ਕੁੱਲ ₹ 750/- ਰੁਪਏ ਦੇ ਪ੍ਰੀਮੀਅਮ ਵਿਚੋ ਪ੍ਰਤੀ ਪਰਿਵਾਰ ਪ੍ਰਤੀ ਸਾਲ ਭਾਰਤ ਸਰਕਾਰ ਵਲੋਂ ਵੱਧ ਤੋਂ ਵੱਧ ₹ 565/- ਰੁਪਏ ਪ੍ਰਤੀ ਕਿਰਤੀ ਜੋ ਕਿ ਗਰੀਬੀ ਰੇਖਾ ਤੋਂ ਹੇਠਾਂ ਹਨ ਲਈ ਦਿੱਤਾ ਜਾਦਾ ਹੈ। ਬਾਕੀ ਦਾ ਪ੍ਰੀਮੀਅਮ ਬੋਰਡ ਵਲੋਂ ਅਦਾ ਕੀਤਾ ਜਾਵੇਗਾ ਅਤੇ ਗਰੀਬੀ ਰੇਖਾ ਤੋਂ ਉਪੱਰਲੇ ਸਾਰੇ ਉਸਾਰੀ ਕਿਰਤੀਆਂ ਦਾ ਸਾਰੇ ਦਾ ਸਾਰਾ ਪ੍ਰੀਮਿਅਮ ਬੋਰਡ ਵੱਲੋਂ ਅਦਾ ਕੀਤਾ ਜਾਵੇਗਾ।
6. ਲਾਭਪਾਤਰੀ ਪੰਜੀਕਰਨ/ ਨਵਿਆਉਣ ਫੀਸ ਵੱਜੋਂ ₹ 30/- ਦੀ ਰਾਸ਼ੀ ਅਦਾ ਕਰੇਗਾ।

**ਭਲਾਈ ਸਕੀਮ ਨੰ:2: ਐਕਸ-ਗ੍ਰੇਸ਼ੀਆ ਸਕੀਮ**

ਬੋਰਡ ਵੱਲੋਂ ਇਹ ਸਕੀਮ ਮੌਜ਼ੂਦਾ ਪੰਜੀਕ੍ਰਿਤ ਲਾਭਪਾਤਰੀਆਂ ਨੂੰ ਲਾਭ ਦੇਣ ਸਬੰਧੀ ਹੈ। ਐਕਸਗ੍ਰੇਸ਼ੀਆ ਗ੍ਰਾਂਟ ਹੇਠ ਲਿਖੇ ਅਨੁਸਾਰ ਮੰਜ਼ੂਰ ਕੀਤੀ ਜਾਵੇਗੀ।

| ਐਕਸਗਰੇਸ਼ੀਆ ਦੀ ਰਕਮ | ਸਕੀਮ ਦਾ ਲਾਭ ਲੈਣ ਦੀਆਂ ਸ਼ਰਤਾਂ |
|---|---|
| ₹ 1,00,000 | (ੳ) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਹੋਣ ਤੇ ਉਸਦੀ ਵਿਧਵਾ/ਆਸ਼ਰਿਤ ਨੂੰ ਇਹ ਰਕਮ. ਐਕਸਗਰੇਸ਼ੀਆ ਵੱਜੋਂ ਦਿੱਤੀ ਜਾਵੇਗੀ।<br>(ਅ) ਲਾਭਪਾਤਰੀ ਦੇ ਪੂਰਨ ਤੋਰ ਤੇ ਅਪੰਗ ਹੋਣ ਦੀ ਸੂਰਤ ਵਿੱਚ ਵੀ ਉਸਨੂੰ ਇਹ ਰਕਮ ਐਕਸਗ੍ਰੇਸ਼ੀਆ ਦੇ ਤੋਰ ਤੇ ਦਿੱਤੀ ਜਾਵੇਗੀ। |
| ₹ 50,000 | (ੳ) ਪੰਜੀਕ੍ਰਿਤ ਲਾਭਪਾਤਰੀ ਦੇ ਅੰਸ਼ਕ ਅਪੰਗਤਾ ਹੋਣ ਦੀ ਸੂਰਤ ਵਿੱਚ ਐਕਸਗ੍ਰੇਸ਼ੀਆ ਰਕਮ ਮੰਜ਼ੂਰ ਕੀਤੀ ਜਾਵੇਗੀ।<br>(ਅ) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਫੋਟੋ ਕਾਪੀ ਦਰਖਾਸਤ ਨਾਲ ਲਗਾਉਣੀ ਜਰੂਰੀ ਹੈ। |

**ਭਲਾਈ ਸਕੀਮ ਨੰ:3: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ।**

ਬੋਰਡ ਦੇ ਪੰਜੀਕ੍ਰਿਤ ਲਾਭਪਾਤਰੀਆਂ ਦੇ ਬੱਚਿਆਂ ਨੂੰ ਵੱਖ-ਵੱਖ ਕਲਾਸਾਂ/ ਕੋਰਸਾਂ ਵਿੱਚ ਪੜ੍ਹਾਈ ਕਰਨ ਲਈ ਹੇਠ ਲਿਖੇ ਅਨੁਸਾਰ ਵਜੀਫੇ ਮੰਜ਼ੂਰ ਕੀਤੇ ਜਾਂਦੇ ਹਨ।

| ਲੜੀ ਨੰ: | ਕਲਾਸ | ਵਜੀਫੇ ਦੀ ਦਰ (ਰੁਪਏ ਪ੍ਰਤੀ ਸਾਲ/ ਪ੍ਰਤੀ ਮਹੀਨਾ) |
|---|---|---|
| 1. | ਪਹਿਲੀ ਕਲਾਸ ਤੋਂ 5ਵੀਂ ਕਲਾਸ ਲਈ | ₹ 75/- ਪ੍ਰਤੀ ਮਹੀਨਾ |
| 2. | ਛੇਵੀਂ ਕਲਾਸ ਤੋਂ ਅਠਵੀਂ ਕਲਾਸ ਲਈ | ₹ 100/- ਪ੍ਰਤੀ ਮਹੀਨਾ |
| 3. | 9ਵੀਂ, 10ਵੀਂ, +1 ਅਤੇ +2 | ₹ 1500/- ਪ੍ਰਤੀ ਸਾਲ |
| 4. | ਕਾਲਜ ਵਿਦਿਆਰਥੀ<br>ਬੀ.ਏ/ ਬੀ.ਐਸ.ਸੀ/ ਐਮ.ਏ./ ਐਮ.ਐਸ.ਸੀ./ਬੀ.ਸੀ.ਏ/ਐਮ.ਸੀ.ਏ | ₹ 1800/- ਪ੍ਰਤੀ ਸਾਲ |
| 5. | ਆਈ.ਟੀ.ਆਈ./ ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜ੍ਹਾਈ | ₹ 1800/- ਪ੍ਰਤੀ ਸਾਲ |
| 6. | ਮੈਡੀਕਲ/ ਇੰਜੀਨਅਰਿੰਗ ਡਿਗਰੀ ਕੋਰਸਾਂ | ₹ 15,000/- ਪ੍ਰਤੀ ਸਾਲ |

ਯੋਗਤਾ/ ਸ਼ਰਤਾਂ:-

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜ਼ੀਫਾ ਸਕੀਮ ਦਾ ਲਾਭ ਦਿੱਤਾ ਜਾਵੇਗਾ।

2. ਲਾਭਪਾਤਰੀ ਦਾ ਬੱਚਾ ਸੰਸਥਾ/ ਕਿਸੇ ਹੋਰ ਸਾਧਨ ਤੋਂ ਵਜੀਫਾ ਨਾ ਲੈ ਰਿਹਾ ਹੋਵੇ।

3. ਲਾਭਪਾਤਰੀ ਤੇ ਪੂਰੇ ਤੌਰ ਤੇ ਨਿਰਭਰ ਉਸਦੇ ਭਰਾ/ ਭੈਣ/ ਪੋਤਾ/ ਪੋਤੀ ਨੂੰ ਵੀ ਪੜਾਈ ਲਈ ਵਜੀਫਾ ਦਿੱਤਾ ਜਾਵੇਗਾ।

4. ਲਾਭਪਾਤਰੀ ਨੂੰ ਖ਼ੁੱਦ ਵੀ ਪ੍ਰਵਾਨਤ ਸੰਸਥਾ/ ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜੀਫਾ ਦਿੱਤਾ ਜਾਵੇਗਾ।

5. ਪਿਛਲੀ ਕਲਾਸ ਵਿੱਚ ਫੇਲ ਹੋਏ ਜਾਂ ਕੰਪਾਰਟਮੈਂਟ ਵਰਗੇ ਕੇਸਾਂ ਵਿੱਚ ਵਜੀਫੇ ਮੰਨਜ਼ੂਰ ਨਹੀਂ ਕੀਤੇ ਜਾਣਗੇ।

6. ਕਾਲਜ ਵਿਦਿਆਰਥੀਆਂ ਨੂੰ ਪਿਛਲੇ ਸਾਲ ਦੀ ਪ੍ਰੀਖਿਆ ਵਿੱਚ ਘੱਟੋ ਘੱਟ 45% ਅੰਕ ਲਏ ਹੋਣੇ ਚਾਹੀਦੇ ਹਨ।

**ਭਲਾਈ ਸਕੀਮ ਨੰ:4: ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਵਿਆਜ ਰਹਿਤ ਕਰਜਾ ₹ 30,000/- (ਕਰਜੇ ਦੀ ਰਾਸ਼ੀ)**

(ੳ) ਕਰਜੇ ਦੀ ਰਕਮ ਕੇਵਲ ਇਕੋ ਵਾਰ ਇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਦਿੱਤੀ ਜਾਵੇਗੀ।

(ਅ) ਕਰਜੇ ਦੀ ਵਸੂਲੀ 30 ਬਰਾਬਾਰ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਹੀਂ ਕੀਤੀ ਜਾਵੇਗੀ।

(ੲ) ਪ੍ਰਬੰਧਕਾਂ/ ਮਾਲਕਾਂ ਦੀ ਗਰੰਟੀ ਤੇ ਹੀ ਕਰਜਾ ਮੰਜ਼ੂਰ ਕੀਤਾ ਜਾਵੇਗਾ।

ਜੇਕਰ ਪ੍ਰਬੰਧਕ/ ਮਾਲਕ ਗਰੰਟੀ ਨਹੀਂ ਦਿੰਦਾ ਤਾਂ ਉਸ ਸੂਰਤ ਵਿੱਚ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ ਆਪਣੀ ਅੱਚਲ ਸੰਪਤੀ ਦੇ ਠੋਸ ਸਬੂਤ ਸਮੇਤ ਗਰੰਟੀ ਵੱਜੋਂ ਪੇਸ਼ ਕਰਨੇ ਜ਼ਰੂਰੀ ਹੋਣਗੇ।

(ਸ) ਪੰਜਾਬ ਵਿੱਚ ਪੱਕੇ ਤੋਰ ਤੇ ਰਿਹਾਇਸ਼/ ਤਿੰਨ ਸਾਲ ਤੋਂ ਕੰਮ ਕਰਨ ਬਾਰੇ ਅਤੇ ਪੰਜਾਬ ਵਿੱਚ ਲੜਕੀ ਦੀ ਸ਼ਾਦੀ ਬਾਰੇ ਸ਼ਰਤਾਂ ਹੇਠ ਲੜੀ ਨੰ:2 ਤੇ ਦੱਸੀ ਸ਼ਗਨ ਸਕੀਮ ਵਾਂਗ ਹੀ ਜ਼ਰੂਰੀ ਹੋਣਗੀਆਂ।

(ਹ) ਨਿਰਧਾਰਤ ਸ਼ਰਤਾਂ ਦੇ ਅਧਾਰ ਤੇ ਦਰਖਾਸਤ ਦੀ ਮੁਕੰਮਲ ਪੜਤਾਲ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਦੀ ਪੱਧਰ ਤੇ ਕਰਨ ਉਪਰੰਤ ਉਨ੍ਹਾਂ ਦੀ ਸਿਫਾਰਸ਼ ਅਨੁਸਾਰ ਹੀ ਦਰਖਾਸਤ ਤੇ ਵਿਚਾਰ ਕੀਤੀ ਜਾਵੇਗੀ।

(ਕ) ਇਹ ਵੀ ਜਰੂਰੀ ਹੈ ਕਿ ਪਹਿਲਾਂ ਕਿਸੇ ਹੋਰ ਕਰਜਾ ਸਕੀਮ ਅਧੀਨ ਕਰਜੇ ਦੀ ਰਕਮ ਬਕਾਇਆ ਨਹੀਂ ਹੋਣੀ ਚਾਹੀਦੀ।

**ਭਲਾਈ ਸਕੀਮ ਨੰ:5: ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਦੇ ਸ਼ਗਨ ਸਕੀਮ ₹ 5100/- (ਸ਼ਗਨ ਦੀ ਰਕਮ)**

(ੳ) ਕੇਵਲ ਇੱਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ ਵੀ।

(ਅ) ਕਿਉਂ ਜੋ ਉਸਾਰੀ ਕਿਰਤੀ ਦੀ ਲੜਕੀ ਦੀ ਸ਼ਾਦੀ ਤੇ 'ਸ਼ਗਨ ਸਕੀਮ' ਅਤੇ 'ਸ਼ਾਦੀ ਲਈ ਵਿਆਜ ਰਹਿਤ ਕਰਜਾ ਸਕੀਮ' ਦੋਵੇਂ ਹੀ ਰਾਹਤ ਸਕੀਮਾਂ ਹਨ, ਇਸ ਲਈ ਕਰਜਾ ਸਕੀਮ ਅਧੀਨ ਲਾਭ ਉਠਾਉਣ ਵਾਲੇ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ 'ਸ਼ਗਨ ਸਕੀਮ' ਦਾ ਲਾਭ ਨਹੀਂ ਮਿਲੇਗਾ।

(ੲ) ਪੰਜੀਕ੍ਰਿਤ ਕਿਰਤੀ ਪੰਜਾਬ ਰਾਜ ਵਿੱਚ ਘੱਟੋ-ਘੱਟ ਪਿਛਲੇ ਤਿੰਨ ਸਾਲ ਤੋਂ ਉਸਾਰੀ ਕਾਮੇ ਦੇ ਤੋਰ ਤੇ ਕੰਮ ਕਰ ਰਿਹਾ ਹੋਵੇ ਅਤੇ ਲੜਕੀ ਦੀ ਸ਼ਾਦੀ ਆਪਣੇ ਪੰਜਾਬ ਦੇ ਮੌਜ਼ੂਦਾ ਰਿਹਾਇਸ਼ੀ ਪਤੇ ਤੇ ਕਰ ਰਿਹਾ ਹੋਵੇ ਜਿਸ ਬਾਰੇ ਰਿਹਾਇਸ਼ੀ ਸਬੂਤ ਪੇਸ਼ ਕਰਨਾ ਜਰੂਰੀ ਹੈ।

(ਸ) ਪੰਜੀਕ੍ਰਿਤ ਕਿਰਤੀ ਨੂੰ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਘੱਟੋ-ਘੱਟ 3 ਮਹੀਨੇ ਪਹਿਲਾਂ ਦਰਖਾਸਤ ਦੇਣੀ ਜਰੂਰੀ ਹੈ। ਦਰਖਾਸਤ ਨਾਲ ਸ਼ਾਦੀ ਦਾ ਕਾਰਡ ਵੀ ਹੋਣਾ ਚਾਹੀਦਾ ਹੈ।

ਭਲਾਈ ਸਕੀਮ ਨੰ:6: ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁੱਟੀ ਦੌਰਾਨ ਯਾਤਰਾ ਲਈ ਸਹੂਲਤ ₹ 1000/- (ਐਲ.ਟੀ.ਸੀ. ਦੀ ਰਕਮ)

(ੳ) ਉਸਾਰੀ ਕਿਰਤੀ ਕੇਵਲ ਦੂਜੇ ਰਾਜਾਂ ਵਿੱਚ (ਆਪਣੀ ਸਟੇਟ/ Hometown ਨੂੰ ਛੱਡ ਕੇ) ਧਾਰਮਿਕ/ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਲਈ ਐਲ.ਟੀ.ਸੀ. ਲਈ ਯੋਗ ਹੋਵੇਗਾ। ਦੁਬਾਰਾ 4 ਸਾਲ ਬਾਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।

(ਅ) ਐਲ.ਟੀ.ਸੀ. ਦੀ ਸਹੂਲਤ ਯਾਤਰਾ ਤੋਂ ਵਾਪਸ ਆਉਣ ਉਪਰੰਤ ਸਵੈ ਘੋਸ਼ਣਾ/ ਸਬੂਤ (Self declaration/ proof) ਪੇਸ਼ ਕਰਨ ਤੇ ਦਿਤੀ ਜਾਵੇਗੀ ਜਿਸ ਬਾਰੇ ਪੜਤਾਲੀਆ ਰਿਪੋਟ ਸਬੰਧਤ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਭੇਜਣ ਲਈ ਜਿੰਮੇਵਾਰ ਹੋਣਗੇ।

(ੲ) ਕਿਰਤੀ ਵੱਲੋਂ ਸਵੈ-ਘੋਸ਼ਣਾ ਵੀ ਦੇਣੀ ਹੋਵੇਗੀ ਕਿ ਉਹ ਯਾਤਰਾ ਆਪਣੇ ਜੋਖਮ ਤੇ ਕਰੇਗਾ ਅਤੇ ਅਣਸੁਖਾਵੀ ਘਟਨਾ ਵਾਪਰਨ ਤੇ ਬੋਰਡ ਤੋਂ ਕੋਈ ਕਲੇਮ ਨਹੀਂ ਕਰੇਗਾ।

ਭਲਾਈ ਸਕੀਮ ਨੰ:7: ਬਾਈਸਾਈਕਲ, ਸਿਲਾਈ ਮਸ਼ੀਨ, ਪੱਖੇ, ਟੈਲੀਵੀਜ਼ਨ, ਕੰਪਿਊਟਰ ਅਤੇ ਕਣਕ ਦੀ ਖ੍ਰੀਦ ਲਈ ਬਿਨਾਂ ਬਿਆਜ ਕਰਜੇ।

| | |
|---|---|
| ਬਾਈਸਾਈਕਲ ₹ 2500/-<br>ਸਿਲਾਈ ਮਸ਼ੀਨ ₹ 1000/-<br>ਪੱਖੇ ₹ 800/- | ਕਰਜੇ ਦੀ ਵਸੂਲੀ ਬਰਾਬਰ 12 ਮਾਸਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ।<br>ਕਰਜਿਆਂ ਦੀ ਰਕਮ ਪ੍ਰਬੰਧਕਾਂ ਦੀ ਗਰੰਟੀ ਤੇ ਹੀ ਮੰਜ਼ੂਰ ਕੀਤੀ ਜਾਵੇਗੀ।<br>ਕਰਜਿਆਂ ਦੀ ਕਿਸ਼ਤਾਂ ਪ੍ਰਬੰਧਕਾਂ ਵੱਲੋਂ ਹਰ ਮਹੀਨੇ ਕਿਰਤੀ ਦੀ ਤਨਖਾਹ ਵਿੱਚੋਂ ਕੱਟ ਕੇ ਰਕਮ ਬੋਰਡ ਨੂੰ ਭਿਜਵਾਈ ਜਾਵੇਗੀ।<br>ਕਿਰਤੀ ਨੂੰ ਵਸਤੂ ਲਈ ਕਰਜੇ ਦੀ ਮੰਜ਼ੂਰ ਰਕਮ ਜਾਂ ਅਸਲ ਕੀਮਤ ਜੋ ਵੀ ਘੱਟ ਹੋਵੇ ਦਿੱਤੀ ਜਾਵੇਗੀ। |
| ਟੈਲੀਵੀਜ਼ਨ ₹ 5000/- | ਕਰਜੇ ਦੀ ਵਸੂਲੀ 20 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਹੀਂ ਕਰਕੇ ਭਿਜਵਾਈ ਜਾਵੇ। |
| ਕੰਪਿਊਟਰ ₹ 15000/- | ਕਰਜੇ ਦੀ ਵਸੂਲੀ 30 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਹੀਂ ਕਰਕੇ ਭਿਜਵਾਈ ਜਾਵੇ। |
| ਕਣਕ ਐਡਵਾਂਸ ₹ 2500/- | (ੳ) ਕਰਜੇ ਦੀ ਵਸੂਲੀ ਬਰਾਬਰ 12 ਮਾਸਕ ਕਿਸ਼ਤਾਂ ਵਿੱਚ ਕੀਤੀ ਜਾਵੇਗੀ।<br>(ਅ) ਕਣਕ ਦੀ ਖ੍ਰੀਦ ਲਈ ਕਰਜਾ ਰਾਜ ਸਰਕਾਰ ਵੱਲੋਂ ਆਪਣੇ ਦਰਜਾ-4 ਮੁਲਾਜ਼ਮਾਂ ਲਈ ਮੰਜ਼ੂਰ ਕੀਤੀ ਜਾਂਦੀ ਰਕਮ ਵਾਂਗ ਹੀ ਮੰਜ਼ੂਰ ਕੀਤਾ ਜਾਵੇਗਾ।<br>(ੲ) ਅਣਸਿਖਿਅਤ (unskilled) ਕਿਰਤੀਆਂ ਨੂੰ ਪਹਿਲਾਂ ਆਉ ਪਹਿਲਾਂ ਪਾਓ (First come first serve) ਦੇ ਅਧਾਰ ਤੇ ਕਰਜੇ ਦੀ ਮੰਜ਼ੂਰੀ ਲਈ ਪਹਿਲ ਦਿੱਤੀ ਜਾਵੇਗੀ।<br>(ਸ) ਕਰਜੇ ਲਈ ਬੁਕਿੰਗ ਹਰ ਸਾਲ ਮਹੀਨਾ ਮਾਰਚ ਵਿੱਚ ਕੀਤੀ ਜਾਵੇਗੀ। |

ਕਰਜਾ ਸਕੀਮਾਂ ਲਈ ਵਿਸ਼ੇਸ਼ ਨੋਟ:-

i) ਕਰਜਿਆਂ ਦੀ ਰਕਮ ਪ੍ਰਬੰਧਕਾਂ ਦੀ ਗਰੰਟੀ ਤੇ ਹੀ ਮੰਜ਼ੂਰ ਕੀਤੀ ਜਾਵੇਗੀ।

ii) ਕਰਜਿਆਂ ਦੀ ਕਿਸ਼ਤਾਂ ਪ੍ਰਬੰਧਕਾਂ ਵੱਲੋਂ ਹਰ ਮਹੀਨੇ ਕਿਰਤੀ ਦੀ ਤਨਖਾਹ ਵਿੱਚੋਂ ਕੱਟ ਕੇ ਰਕਮ ਬੋਰਡ ਨੂੰ ਭਿਜਵਾਈ ਜਾਵੇਗੀ।

iii) 5 ਸਾਲ ਤੋਂ ਪਹਿਲਾਂ ਦੁਬਾਰਾ ਉਸੇ ਵਸਤੂ ਲਈ ਕਰਜਾ ਨਹੀਂ ਦਿੱਤਾ ਜਾਵੇਗਾ।

iv) ਦੁਬਾਰਾ ਕਰਜਾ ਕੇਵਲ ਦੁਰਘਟਨਾ ਵਾਪਰਨ ਤੇ ਜਾਂ ਵਸਤੂ ਦੇ ਨਾਕਾਰਾ ਹੋਣ ਦੀ ਸੂਰਤ ਵਿੱਚ, ਵਸਤੂ ਦੇ ਚੋਰੀ ਹੋਣ ਵਰਗੇ ਹਾਲਾਤਾਂ ਵਿੱਚ ਹੀ ਦਿੱਤਾ ਜਾਵੇਗਾ।

v) ਪਹਿਲਾਂ ਲਈ ਕਰਜੇ ਦੀ ਕੋਈ ਵੀ ਵਸੂਲੀ ਬਕਾਇਆ ਨਹੀਂ ਹੋਣੀ ਚਾਹੀਦੀ।

vi) ਸਿਲਾਈ ਮਸ਼ੀਨ, ਪੱਖੇ, ਕਣਕ - ਖਰੀਦਣ ਲਈ ਕਰਜੇ ਕੇਵਲ ਉਸ ਸੂਰਤ ਵਿੱਚ ਦਿੱਤੇ ਜਾਣਗੇ, ਜੇ ਕਿਰਤੀ ਸੀ ਫੈਮਿਲੀ ਉਸਦੇ ਨਾਲ ਰਹਿੰਦੀ ਹੈ।

ਭਲਾਈ ਸਕੀਮ ਨੰ:8: ਉਸਾਰੀ ਕੰਮਾਂ ਵਿੱਚ ਲਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸਕੀਮ।

ਬੋਰਡ ਵੱਲੋਂ ਇਸ ਸਕੀਮ ਅਧੀਨ ਹੇਠ ਦਰਸਾਈਆਂ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਲਈ ਵੱਧ ਤੋਂ ਵੱਧ ਇਕ ਲੱਖ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ ਬਾਰੇ ਪ੍ਰਵਾਨਗੀ ਦਿੱਤੀ ਗਈ:-

1. **Occupational dermatitis.**
2. **Occupational Cancer.**
3. **Asbestosis.**
4. **Silicosis.**
5. **Lead poisoning including poisoning by occupational diseases in building and other construction work to be notified by any preparation or compound of lead or their sequela.**
6. **Benzene poisoning, including poisoning by any of its homologues, their nitro or amino, derivatives or its sequela.**
7. **Occupational asthama.**
8. **Pesticide poisoning.**
9. **Toxic jaundice.**
10. **Toxic anaemia.**
11. **Compressed air illness (Caissons diseases).**
12. **Noise induced hearing loss.**
13. **Toxic nephritis.**
14. **Cancer operation/treatment.**
15. **Heart surgery.**
16. **Kidney transplant.**

ਇਸ ਸਕੀਮ ਅਧੀਨ ਲਾਭ ਲੈਣ ਲਈ ਹੇਠ ਲਿਖੀਆਂ ਸ਼ਰਤਾਂ ਨਿਰਧਾਰਤ ਹਨ:-

(1) ਉਸਾਰੀ ਕਿਰਤੀ - ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਬਤੌਰ 'ਲਾਭਪਾਤਰੀ' ਰਜਿਸਟਰ ਹੋਵੇ।

(2) ਜੇਕਰ ਵਿਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ ਲੈਣੀ ਹੋਵੇ, ਤਾਂ ਅਜਿਹਾ ਆਸ਼ਰਿਤ ਲਾਭਪਾਤਰੀ ਉਸਾਰੀ ਕਿਰਤੀ ਦੇ ਪਰੀਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸਦੇ ਆਸ਼ਰਿਤ ਹੋਣ ਸਬੰਧੀ ਸਬੂਤ ਪੇਸ਼ ਕਰਨਾ ਪਵੇਗਾ।

(3) ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਸੀ.ਐਮ.ਓ./ ਐਸ.ਐਮ.ਓ ਵੱਲੋਂ ਸਹੀ ਕਰਾਰ ਦਿੱਤਾ ਗਿਆ ਹੋਵੇ।

ਵਿਸ਼ਾ:- ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਕਾਰਗੁਜਾਰੀ ਬਾਰੇ ।

ਕੇਂਦਰ ਸਰਕਾਰ ਵਲੋਂ ਬਿਲਡਿੰਗ ਅਤੇ ਹੋਰ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ ਆਫ ਸਰਵਿਸ) ਐਕਟ, 1996 ਅਤੇ ਬਿਲਡਿੰਗ ਅਤੇ ਹੋਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਸੈਸ ਐਕਟ, 1996 ਬਣਾਏ ਗਏ ਹਨ। ਰਾਜ ਸਰਕਾਰ ਵਲੋਂ ਮੁੱਖ ਐਕਟ ਅਧੀਨ ਅਧਿਸੂਚਨਾਂ ਮਿਤੀ 1.10.2008 ਰਾਹੀਂ ਪੰਜਾਬ ਬਿਲਡਿੰਗ ਅਤੇ ਹੋਰ ਕੰਸਟਰਕਸ਼ਨ ਵਰਕਰਜ (RECS) ਰੂਲਜ, 2008 ਬਣਾਏ ਗਏ ਹਨ।

ਰਾਜ ਵਿੱਚ ਐਕਟ ਲਾਗੂ ਹੋਣ ਉਪਰੰਤ ਸਰਕਾਰ ਵਲੋਂ ਐਕਟ ਦੀ ਧਾਰਾ 18 ਅਧੀਨ ਅਧਿਸੂਚਨਾਂ ਮਿਤੀ 30.4.2009 ਰਾਹੀਂ ਪੰਜਾਬ ਬਿਲਡਿੰਗ ਅਤੇ ਹੋਰ ਵਰਕਰਜ ਵੈਲਫੇਅਰ ਬੋਰਡ ਦਾ ਗਠਨ ਕੀਤਾ ਗਿਆ ਹੈ।ਸੈਸ ਐਕਟ, 1996 ਅਧੀਨ ਕੰਸਟਰਕਸ਼ਨ ਅਦਾਰਿਆਂ ਵਲੋਂ ਉਸਾਰੀ ਦੀ ਕੁੱਲ ਲਾਗਤ ਦੀ 1% ਰਕਮ ਸੈਸ ਦੇ ਰੂਪ ਵਿਚ ਬੋਰਡ ਪਾਸ ਜਮਾਂ ਕਰਵਾਈ ਜਾਂਦੀ ਹੈ।ਪਿਛਲੇ 3 ਸਾਲਾ ਵਿਚ ਬੋਰਡ ਪਾਸ ਜਮਾਂ ਸੈਸ ਦੀ ਰਾਸ਼ੀ ਦੇ ਵੇਰਵੇ ਹੇਠ ਪ੍ਰਕਾਰ ਹਨ:-

| | | |
|---|---|---|
| 2009-2010 = | 37.68 ਕਰੋੜ | ਰੁ: 243 ਕਰੋੜ |
| 2010-2011 = | 92.69 ਕਰੋੜ | |
| 2011-2012 = | 112.63 ਕਰੋੜ | |

ਕਿਉਂਜੋ ਐਕਟ ਦਾ ਮੰਤਵ ਭਵਨ ਅਤੇ ਹੋਰ ਉਸਾਰੀ ਕਿਰਤੀਆਂ ਦੇ ਰੋਜਗਾਰ ਅਤੇ ਸੇਵਾ ਸ਼ਰਤਾਂ ਨੂੰ ਨਿਯਮਿਤ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ, ਸਿਹਤ ਅਤੇ ਭਲਾਈ ਸੁਨਿਸ਼ਚਿਤ ਕਰਨਾ ਹੈ। ਇਸ ਲਈ ਐਕਟ ਦੀ ਧਾਰਾ 22 ਨੂੰ ਮੁੱਖ ਰੱਖਦੇ ਹੋਏ, ਰੂਲਜ, 2008 ਦੇ ਰੂਲ 265 ਅਨੁਸਾਰ ਬੋਰਡ ਵਲੋਂ ਸਰਕਾਰ ਦੀ ਪ੍ਰਵਾਨਗੀ ਨਾਲ ਲਾਭਪਾਤਰੀਆਂ ਲਈ ਭਲਾਈ ਸਕੀਮਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਦੀ ਕਾਪੀ ਅਨੁਲੱਗ 'ੳ' ਹੈ।

ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ 1996 ਦੀ ਧਾਰਾ 12 ਅਤੇ ਰੂਲ 260 ਅਨੁਸਾਰ ਹਰ ਇਕ ਉਸਾਰੀ ਕਿਰਤੀ ਜਿਸ ਦੀ ਉਮਰ 18 ਤੋਂ 60 ਸਾਲ ਦੇ ਦਰਮਿਆਨ ਹੋਵੇ, ਅਤੇ ਉਸ ਨੇ 90 ਦਿਨ ਬਤੌਰ ਉਸਾਰੀ ਕਿਰਤੀ ਪੰਜਾਬ ਰਾਜ ਵਿਚ ਕੰਮ ਕੀਤਾ ਹੋਵੇ ਬੋਰਡ ਦਾ ਲਾਭਪਾਤਰੀ ਬਣ ਸਕਦਾ ਹੈ। ਅਨੁਲੱਗ 'ੳ' ਤੇ ਦਰਸ਼ਾਈਆ ਸਕੀਮਾਂ ਦਾ ਲਾਭ ਸਿਰਫ ਰਜਿਸਟਰਡ ਲਾਭਪਾਤਰੀਆਂ ਨੂੰ ਹੀ ਦਿਤਾ ਜਾ ਸਕਦਾ ਹੈ। ਪਿਛਲੇ 3 ਸਾਲਾ ਦੋਰਾਨ ਰਜਿਸਟਰਡ ਲਾਭਪਾਤਰੀਆਂ ਦੀ ਗਿਣਤੀ ਹੇਠ ਪ੍ਰਕਾਰ ਹੈ:-

| | | |
|---|---|---|
| 2009-2010 = | 6087 | ਕੁੱਲ 49557 |
| 2010-2011 = | 19041 | |
| 2011-2012 = | 24429 | |

ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਧੀਨ ਪਹਿਲਾਂ ਕਿਰਤ ਵਿਭਾਗ ਦੇ ਖੇਤਰੀ ਅਧਿਕਾਰੀਆਂ/ ਇੰਸਪੈਕਟਰਾਂ ਰਾਹੀਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਤੋਂ ਅਰਜੀਆਂ ਮੰਗ ਕੇ, ਉਨ੍ਹਾਂ ਰਾਹੀਂ ਲਾਭਪਾਤਰੀਆਂ ਨੂੰ ਰਕਮਾਂ ਵੰਡੀਆਂ ਜਾਂਦੀਆਂ ਸਨ। ਇਸ ਵਿੱਧੀ ਨਾਲ ਸਾਲ 2010-11 ਦੌਰਾਨ ਲਾਭਪਾਤਰੀਆਂ ਦੀਆਂ 137 ਅਰਜੀਆਂ ਯੋਗ ਪਾਈਆਂ ਗਈਆਂ ਸਨ, ਜਿਨ੍ਹਾਂ ਨੂੰ ਕੁੱਲ ਰੁਪਏ 11,08,260/- ਦੀ ਰਾਸ਼ੀ ਖੇਤਰੀ ਅਧਿਕਾਰੀਆਂ ਰਾਹੀਂ ਵੰਡੀ ਗਈ ਸੀ। ਇਸੇ ਤਰਾਂ ਸਾਲ 2011-12 ਦੋਰਾਨ ਖੇਤਰੀ ਅਧਿਕਾਰੀਆਂ ਰਾਹੀਂ ਵੱਖ-ਵੱਖ ਭਲਾਈ ਸਕੀਮਾਂ ਅਧੀਨ ਬੋਰਡ ਦੇ ਦਫਤਰ ਵਿਚ ਪ੍ਰਾਪਤ 1041 ਅਰਜੀਆਂ ਯੋਗ ਪਾਈਆਂ ਗਈਆਂ, ਜਿਨ੍ਹਾਂ ਦੇ ਆਧਾਰ ਤੇ 928 ਲਾਭਪਾਤਰੀਆਂ (842 ਪੁਰਸ਼ ਅਤੇ 86 ਇਸਤਰੀਆਂ) ਨੂੰ ਰੁ: 28.39 ਕਰੋੜ ਦੀ ਰਾਸ਼ੀ ਵੰਡਣ ਲਈ ਚੈਕ ਜਾਰੀ ਕੀਤੇ ਗਏ ਹਨ।

**ਭਲਾਈ ਸਕੀਮਾਂ ਨੂੰ ਲਾਗੂ ਕਰਨ ਵਿਚ ਆਉਂਣ ਵਾਲੀ ਔਕੜਾਂ ਅਤੇ ਵਿਭਾਗ ਵਲੋਂ ਕੀਤੇ ਉਪਰਾਲੇ**

ਜਿਵੇ ਉਪਰ ਦੱਸਿਆ ਗਿਆ ਹੈ, ਬੋਰਡ ਪਾਸ ਪਿਛਲੇ 3 ਸਾਲਾ ਦੋਰਾਨ 243 ਕਰੋੜ ਰੁਪਏ ਸੈਸ ਵਜੋ ਇਕੱਤਰ ਹੋਏ ਹਨ ਅਤੇ ਰਸਿਜਟਰਡ ਲਾਭਪਾਤਰੀਆਂ ਦੀ ਗਿਣਤੀ ਵੀ 49557 ਹੋ ਗਈ ਹੈ, ਲੇਕਿਨ ਇਸ ਦੇ ਮੁਕਾਬਲੇ ਲਾਭਪਾਤਰੀਆਂ ਨੂੰ ਵੱਖ-ਵੱਖ ਭਲਾਈ ਸਕੀਮਾਂ ਅਧੀਨ ਵੰਡੀ ਗਈ ਰਕਮਾਂ ਦੀ ਮਾਤਰਾ ਬਹੁਤ ਘੱਟ ਹੈ। ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਦੇ ਵੱਧ ਤੋਂ ਵੱਧ ਲਾਭ ਪਹੁੰਚਾਉਂਣ ਲਈ, ਮੁੱਖ ਸਕੱਤਰ, ਪੰਜਾਬ, ਪ੍ਰਮੁੱਖ ਸਕੱਤਰ ਕਿਰਤ ਅਤੇ ਕਿਰਤ ਕਮਿਸ਼ਨਰ ਪੰਜਾਬ ਦੀ ਤਰਫੋਂ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ/ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਅਨੁਸਾਰ ਡਿਪਟੀ ਕਮਿਸ਼ਨਰਾਂ ਵਲੋਂ ਸਬ-ਡਵੀਜਨ ਪੱਧਰ ਤੇ ਕਮੇਟੀਆਂ, ਜਿਸ ਦਾ ਚੇਅਰਮੈਨ ਸਬ-ਡਵੀਜਨ ਮੈਜੀਸਟ੍ਰੇਟ ਹੋਵੇਗਾ, ਦਾ ਗਠਨ ਕਰਨ ਦਾ ਫੈਸਲਾ ਲਿਆ ਗਿਆ। ਇਨ੍ਹਾਂ ਕਮੇਟੀਆਂ ਰਾਹੀਂ ਹੀ ਲਾਭਪਾਤਰੀਆਂ ਦੀਆਂ ਅਰਜੀਆਂ ਪ੍ਰਾਪਤ ਕਰਕੇ ਉਨ੍ਹਾਂ ਦੀ ਪੜਚੋਲ ਕਰਨ ਉਪਰੰਤ ਯੋਗ ਅਰਜੀਆਂ ਅਨੁਸਾਰ ਬਣਦੀ ਰਕਮ ਬੋਰਡ ਦੇ ਦਫਤਰ ਤੋਂ ਮੰਗ ਕੇ ਕਿਰਤ ਵਿਭਾਗ ਦੇ ਖੇਤਰੀ ਅਧਿਕਾਰੀਆਂ ਰਾਹੀਂ ਵੰਡਣ ਦਾ ਫੈਸਲਾ ਵੀ ਹੋਇਆ। ਸਕੀਮਾਂ ਦਾ ਲਾਭ ਵੰਡਣ ਦੇ ਕੰਮ ਦਾ ਵਿਕੇਦੀਕਰਣ ਕਰਨ ਨਾਲ, ਹੁਣ ਵੱਡੀ ਗਿਣਤੀ ਵਿਚ ਲਾਭਪਾਤਰੀਆਂ ਤੋਂ ਅਰਜੀਆਂ ਪ੍ਰਾਪਤ ਹੋਣੀਆਂ ਸ਼ੁਰੂ ਹੋ ਗਈਆਂ ਹਨ। ਜਿਵੇਂ ਉਪਰ ਦੱਸਿਆ ਗਿਆ ਹੈ, ਸਾਲ 2010-11 ਦੋਰਾਨ ਸਿਰਫ 137 ਲਾਭਪਾਤਰੀ ਹੀ ਲਾਭ ਪ੍ਰਾਪਤ ਕਰ ਸਕੇ ਸਨ ਅਤੇ ਸਾਲ 2011-12 ਦੋਰਾਨ 1041 ਅਰਜੀਆਂ ਪ੍ਰਾਪਤ ਹੋਈਆ ਸਨ, ਜਦ ਕਿ ਸਾਲ 2012-13 ਵਿਚ ਆਰੰਭ ਦੇ ਦੋ ਮਹੀਨੇ ਦੋਰਾਨ ਸਭ ਕਮੇਟੀਆਂ ਰਾਹੀ 1522 ਅਰਜੀਆਂ

ਪ੍ਰਾਪਤ ਹੋਈਆ ਹਨ ਅਤੇ ਸਬੰਧਤ ਡਿਪਟੀ ਕਮਿਸ਼ਨਰ ਦੀ ਮੰਜੂਰੀ ਨਾਲ 16,37,800/- ਰੁਪਏ ਦੀ ਰਾਸ਼ੀ ਬੋਰਡ ਵਲੋਂ ਮੰਜੂਰ ਕਰਨ ਉਪਰੰਤ ਚੈਕ ਤਿਆਰ ਕੀਤੇ ਜਾ ਰਹੇ ਹਨ। ਆਸ ਹੈ ਕਿ ਇਸ ਸਾਲ ਇਸ ਪ੍ਰਕਿਆ ਅਨੁਸਾਰ ਵੱਡੀ ਗਿਣਤੀ ਵਿਚ ਲਾਭਪਾਤਰੀਆਂ ਨੂੰ ਸਕੀਮਾਂ ਦਾ ਲਾਭ ਪਹੁੰਚਾਇਆ ਜਾ ਸਕੇਗਾ।

ਅਨੁਲੱਗ 'ੳ' ਅਨੁਸਾਰ ਬੋਰਡ ਵਲੋਂ ਪ੍ਰਵਾਨਤ ਭਲਾਈ ਸਕੀਮਾਂ ਵਿਚੋ ਇਕ ਸਕੀਮ 'ਰਾਸ਼ਟਰੀ ਸਵਾਸਥ ਬੀਮਾ ਯੋਜਨਾ' ਹੈ, ਜਿਸਦੇ ਤਹਿਤ ਰਜਿਸਟਰਡ ਲਾਭਪਾਤਰੀ ਤੋਂ ਇਲਾਵਾ, ਉਸਦੇ ਪਰਿਵਾਰ ਦੇ ਚਾਰ ਹੋਰ ਮੈਂਬਰ (ਕੁੱਲ 5 ਜੀਅ) 30,000/- ਰੁਪਏ ਪ੍ਰਤੀ ਪਰਿਵਾਰ, ਪ੍ਰਤੀ ਸਾਲ ਮੁਫਤ ਇਲਾਜ ਦੀ ਸੁਵਿਧਾ ਪ੍ਰਾਪਤ ਕਰ ਸਕਦੇ ਹਨ। ਇਹ ਸਕੀਮ ਪੰਜਾਬ ਹੈਲਥ ਸਿਸਟਮ ਕਾਰਪੋਰੇਸਨ (ਸਟੇਟ ਨੋਡਲ ਏਜੰਸੀ ) ਰਾਹੀਂ ਲਾਗੂ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਸਕੀਮ ਅਧੀਨ ਸਾਲ 2011-12 ਦੌਰਾਨ 11818 ਉਸਾਰੀ ਕਿਰਤੀਆਂ ਵਿਚੋ ਕੇਵਲ 369 ਲਾਭਪਾਤਰੀਆਂ ਨੂੰ ਹੀ ਇੰਸੋਰੈਂਸ ਕੰਪਨੀ ਵਲੋਂ ਸਮਾਰਟ ਕਾਰਡ ਜਾਰੀ ਕੀਤੇ ਜਾ ਸਕੇ ਹਨ, ਕਿਉਂਕਿ ਜਿਆਦਾਤਰ ਲਾਭਪਾਤਰੀ ਪ੍ਰਵਾਸੀ ਹੋਂਣ ਕਾਰਣ enrollment ਸਮੇਂ ਉਪਲਬਧ ਨਹੀਂ ਹੋਏ। ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਸ ਸਕੀਮ ਅਧੀਨ enrollment ਦੀ ਪ੍ਰਕ੍ਰਿਆ ਲੰਬੀ ਹੈ। ਪਹਿਲਾਂ ਕਿਰਤੀ ਦਾ ਡਾਟਾ ਭਾਰਤ ਸਰਕਾਰ ਦੀ ਵੈਬ ਸਾਈਟ ਤੇ ਅੱਪ-ਲੋਡ ਹੋਂਣ ਉਪਰੰਤ, ਇੰਸੋਰੈਂਸ ਕੰਪਨੀ ਨੂੰ ਉਹ ਡਾਟਾ ਭਾਰਤ ਸਰਕਾਰ ਵਲੋਂ ਸਮਾਰਟ ਕਾਰਡ ਬਨਾਉਂਣ ਲਈ ਭੇਜਿਆ ਜਾਂਦਾ ਹੈ। ਇਸ ਉਪਰੰਤ ਸਮਾਰਟ ਕਾਰਡ ਜਾਰੀ ਕੀਤ ਜਾਂਦਾ ਹੈ। ਇਸ ਪ੍ਰਕ੍ਰਿਆ ਵਿਚ 1 ½ -2 ਮਹੀਨੇ ਦਾ ਸਮਾਂ ਲੱਗ ਜਾਂਦਾ ਹੈ। ਜਿਆਦਾਤਰ ਮਜਦੂਰ ਪ੍ਰਵਾਸੀ ਹੋਂਣ ਕਾਰਣ ਆਪਣੇ ਦਿਤੇ ਗਏ ਪਤੇ ਤੇ ਉਪਲਬਧ ਨਹੀਂ ਹੁੰਦੇ। ਇਸ ਔਕੜ ਨੂੰ ਧਿਆਨ ਵਿਚ ਰੱਖਦੇ ਹੋਏ ਪਿਛੇ ਜਿਹੇ ਡਾਇਰੈਕਟਰ ਜਨਰਲ ਵੈਲਫੇਅਰ, ਕਿਰਤ ਮੰਤਰਾਲਯ ਭਾਰਤ ਸਰਕਾਰ ਦੇ ਚੰਡੀਗੜ੍ਹ ਦੌਰੇ ਦੌਰਾਨ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਬੋਰਡ ਨੂੰ ਉਸਾਰੀ ਕਿਰਤੀਆਂ ਦੇ ਸਮਾਰਟ ਕਾਰਡ ਬਣਵਾਉਂਣ ਉਪਰੰਤ, ਡਾਟਾ ਭਾਰਤ ਸਰਕਾਰ ਦੀ ਵੈਬ ਸਾਈਟ ਤੇ ਅੱਪ-ਲੋਡ ਕਰਨ ਦੀ ਪ੍ਰਵਾਨਗੀ ਦਿਤੀ ਜਾਵੇ। ਇਸ ਸਬੰਧੀ ਉਨ੍ਹਾਂ ਵਲੋਂ ਜਬਾਨੀ ਸਹਿਮਤੀ ਪ੍ਰਗਟਾਈ ਗਈ ਅਤੇ ਲਿਖਤੀ ਪ੍ਰਵਾਨਗੀ ਲਈ ਕੇਸ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਭਾਰਤ ਸਰਕਾਰ ਨੂੰ ਭੇਜਿਆ ਜਾ ਰਹਿਆ ਹੈ । ਇਸ ਉਪਰੰਤ ਰਾਸ਼ਟਰੀ ਸਵਾਸਥ ਬੀਮਾ ਯੋਜਨਾ ਅਧੀਨ ਵੀ ਵੱਧ ਤੋਂ ਵੱਧ ਉਸਾਰੀ ਕਿਰਤੀਆਂ ਨੂੰ ਲਾਭ ਪਹੁੰਚਾਇਆਂ ਜਾ ਸਕੇਗਾ ਅਤੇ ਸਕੀਮਾਂ ਤੇ ਵੀ ਖਰਚੇ ਵਿਚ ਭਾਰੀ ਵਾਧਾ ਹੋਵੇਗਾ, ਕਿਉਂਜੋ RSBY ਅਧੀਨ ਇੰਸੋਰੈਂਸ ਦਾ ਸਾਰਾ ਪੈਸਾ ਬੋਰਡ ਵਲੋਂ ਖਰਚਿਆਂ ਜਾਵੇਗਾ।

ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਭਲਾਈ ਲਈ ਬਣਾਈਆਂ ਸਕੀਮਾਂ ਦੇ ਵਧੇਰੇ ਪ੍ਰਚਾਰ ਲਈ ਆਡਿਓ ਜਿੰਗਲ ਅਤੇ ਵੀਡਿਓ ਡਾਕੂਮੈਂਟਰੀ ਤਿਆਰ ਕਰਵਾਈ ਗਈ ਹੈ, ਜਿਸਦਾ ਪ੍ਰਸ਼ਾਰਣ ਦੂਰਦਰਸ਼ਨ ਅਤੇ ਰੇਡੀਓ ਰਾਹੀਂ ਪੰਜਾਬ ਰਾਜ ਵਿਚ ਆਰੰਭ ਹੋ ਚੁੱਕਾ ਹੈ। ਭਲਾਈ ਸਕੀਮਾਂ ਬਾਰੇ ਉਸਾਰੀ ਕਿਰਤੀਆਂ ਦੀ ਜਾਣਕਾਰੀ ਲਈ ਪੰਜਾਬੀ ਅਤੇ ਹਿੰਦੀ ਅਖਬਾਰਾਂ ਵਿਚ ਇਸ਼ਤਿਹਾਰ ਵੀ ਦਿਤੇ ਗਏ ਹਨ।

ਇਸ ਤੋਂ ਇਲਾਵਾ ਰਾਜ ਵਿਚ ਉਸਾਰੀ ਕਿਰਤੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਾਉਂਣ ਦੇ ਮੰਤਵ ਲਈ ਸਰਕਾਰ ਦੀ ਪੱਧਰ ਤੇ ਸਾਰੇ ਸਹਾਇਕ ਕਿਰਤ ਕਮਿਸ਼ਨਰ ਅਤੇ ਕਿਰਤ ਤੇ ਸੁਲਾਹ ਅਫਸਰਾਂ ਨੂੰ ਦਿਸ਼ਾ ਨਿਰਦੇਸ਼ ਦਿਤੇ ਗਏ ਹਨ ਕਿ ਉਹ ਇਸ ਕੰਮ ਵੱਲ ਪੂਰਾ ਧਿਆਨ ਦੇਣ ਅਤੇ ਘੱਟ ਤੋਂ ਘੱਟ ਹਰ ਪਿੰਡ ਵਿਚ ਜਿਥੇ-ਜਿਥੇ ਲੇਬਰ ਚੌਂਕ ਲੱਗਦੇ ਹਨ, ਹਰ 15 ਦਿਨਾਂ ਬਾਅਦ ਕੈਂਪ ਲਗਾਏ ਜਾਣ ਅਤੇ ਵੱਧ ਤੋਂ ਵੱਧ ਕਿਰਤੀਆਂ ਨੂੰ ਰਜਿਸਟਰ ਕੀਤਾ ਜਾਵੇ। ਇਸ ਸਬੰਧ ਵਿਚ ਉਨਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਜਿਹੜੀਆਂ ਦੁਕਾਨਾਂ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ ਜੋ ਨਿਰਮਾਣ ਦੇ ਕੰਮਾਂ ਤੇ ਲੱਗੇ ਹੋਏ ਹਨ ਜਿਵੇਂ ਕਿ ਹਾਰਡ ਵੇਅਰ ਦੀ ਦੁਕਾਨ ਤੇ ਪਲੰਬਰ, ਪੈਂਟਰ, ਫੀਟਿੰਗ ਕਰਨ ਵਾਲਾ ਆਦਿ ਵਰਕਰਜ਼ ਲੱਗੇ ਹੋਏ ਹਨ, ਉਨ੍ਹਾਂ ਸਾਰੀਆਂ ਦੁਕਾਨਾਂ ਦੀ ਲਿਸਟ ਬਣਾਈ ਜਾਵੇ ਅਤੇ ਉਨ੍ਹਾਂ ਸਾਰੀਆਂ ਦੁਕਾਨਾਂ ਤੇ ਮਿਲ ਕੇ ਉਨ੍ਹਾਂ ਤੇ ਲੱਗੇ ਦੋ-ਦੋ ਚਾਰ-ਚਾਰ ਵਰਕਰਜ਼ ਨੂੰ ਰਜਿਸਟਰ ਕੀਤਾ ਜਾਵੇ। ਇਸ ਤੋਂ ਇਲਾਵਾ ਸਰਕਾਰੀ ਮਹਿਕਮਿਆਂ ਵਿਚ ਦੂਜੇ ਵਰਕਰਜ਼ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ, 1996 ਤਹਿਤ ਰਜਿਸਟਰ ਕਰਵਾਇਆ ਜਾਵੇ। ਉਨ੍ਹਾਂ ਹਰੇਕ ਮਹਿਕਮੇ ਕੋਲ ਵੀ ਪੰਜ-ਪੰਜ ਚਾਰ-ਚਾਰ ਵਰਕਰਜ਼ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ ਰਜਿਸਟਰ ਕੀਤਾ ਜਾਵੇ। ਇਸ ਦੇ ਨਾਲ ਮਿਊਮਿਪਲ ਕਮੇਟੀਆਂ ਆਦਿ ਵਿਚ ਵੀ ਕੁਝ ਵਰਕਰਜ਼ ਜਿਵੇ ਕਿ ਪਲੰਬਰ, ਇਲੈਕਟਰੀਸ਼ਨ, ਠੇਕਦਾਰ/ਸਫਾਈ ਸੇਵਕ ਆਦਿ ਜੋ ਨਿਰਮਾਣ ਦੇ ਕੰਮ ਨਾਲ ਜੁੜੇ ਹੋਏ ਹਨ, ਨੂੰ ਵੀ ਰਜਿਸਟਰ ਕੀਤਾ ਜਾਵੇ ।ਇਸ ਮੰਤਵ ਲਈ ਸਰਕਾਰ ਵਲੋਂ ਸਾਰੇ ਖੇਤਰੀ ਅਧਿਕਰੀਆਂ ਨੂੰ 2 ਮਹੀਨੇ ਦੇ ਅੰਦਰ 5000 ਉਸਾਰੀ ਕਿਰਤੀ ਰਜਿਸਟਰ ਕਰਨ ਦਾ ਟੀਚਾ ਦਿਤਾ ਗਿਆ ਹੈ।

ਲਾਭਪਾਤਰੀਆਂ ਨੂੰ ਬੋਰਡ ਦੀਆਂ ਸਕੀਮਾਂ ਦੇ ਵੱਧ ਤੋਂ ਵੱਧ ਲਾਭ ਦੁਆਉਂਣ ਲਈ ਅਨੁਲੱਗ 'ੳ' ਤੇ ਦਰਸ਼ਾਈਆਂ ਭਲਾਈ ਸਕੀਮਾਂ ਵਿਚ ਸੋਧ ਕਰਨ ਦੀ ਤਜਵੀਜ ਹੈ। ਇਸ ਮੰਤਵ ਲਈ ਸਰਕਾਰ ਦੀ ਪ੍ਰਵਾਨਗੀ ਉਪਰੰਤ ਸੋਧਿਆ ਸਕੀਮਾਂ ਅਤੇ ਨਵੀਆਂ ਸਕੀਮਾਂ ਦੀ ਰਚਨਾ ਕਰਨ ਲਈ ਤਜਵੀਜ ਬੋਰਡ ਦੀ ਮੀਟਿੰਗ ਵਿਚ ਅਜੰਡੇ ਦੇ ਰੂਪ ਵਿਚ ਵਿਚਾਰਨ ਲਈ ਪੇਸ਼ ਕੀਤੀ ਜਾਵੇਗੀ।